Race Equality Foundation

**ਕੋਰੋਨਾਵਾਇਰਸ ਲਈ ਇੱਕ ਵੈਕਸੀਨ**

ਕੋਰੋਨਾਵਾਇਰਸ (ਕੋਵਿਡ-19) ਇੱਕ ਨਵਾਂ ਵਾਇਰਸ ਹੈ ਜੋ ਲੋਕਾਂ ਦਰਮਿਆਨ ਛੇਤੀ-ਛੇਤੀ ਫੈਲਦਾ ਹੈ। ਡਿਮੈਨਸ਼ੀਆ ਸਮੇਤ ਬਜ਼ੁਰਗ ਵਿਅਕਤੀਆਂ ਨੂੰ ਕੋਰੋਨਾਵਾਇਰਸ ਹੋਣ ਦੀ ਸੂਰਤ ਵਿੱਚ ਬਹੁਤ ਜ਼ਿਆਦਾ ਬਿਮਾਰ ਹੋਣ ਦਾ ਸਭ ਤੋਂ ਵੱਧ ਜੋਖਮ ਹੁੰਦਾ ਹੈ। ਅਜੇ ਵਾਇਰਸ ਦਾ ਕੋਈ ਇਲਾਜ ਨਹੀਂ ਹੈ, ਪਰ ਬਹੁਤ ਸਾਰੇ ਸਾਇੰਸਦਾਨ ਇੱਕ ਅਜਿਹੀ ਵੈਕਸੀਨ ਤਿਆਰ ਕਰਨ ਲਈ ਕੰਮ ਕਰ ਰਹੇ ਹਨ ਜੋ ਲੋਕਾਂ ਦੀ ਕੋਵਿਡ-19 ਤੋਂ ਸੁਰੱਖਿਆ ਕਰੇਗੀ।

ਕੁਝ ਵੈਕਸੀਨਾਂ ਦੀ ਸਵੈ-ਸੇਵਕਾਂ ਉੱਤੇ ਪਰਖ਼ ਕੀਤੀ ਜਾ ਰਹੀ ਹੈ। ਪਰ ਹੁਣ ਤੱਕ ਕਿਸੇ ਨੇ ਵੀ ਅਜਿਹੀ ਵੈਕਸੀਨ ਨਹੀਂ ਖੋਜੀ ਜੋ ਅਸਰ ਕਰਦੀ ਹੈ।

ਇਸ ਬਾਰੇ ਕੋਈ ਸਬੂਤ ਨਹੀਂ ਹੈ ਕਿ ਟੈਸਟ ਕੀਤੀਆਂ ਜਾ ਰਹੀਆ ਕੋਈ ਵੀ ਵੈਕਸੀਨਾਂ ਅਫਰੀਕੀ, ਏਸ਼ੀਆਈ, ਕੈਰੀਬਾਈ ਜਾਂ ਹੋਰ ਘੱਟ ਗਿਣਤੀ ਨਸਲੀ-ਮੂਲ ਦੇ ਲੋਕਾਂ ਲਈ ਨੁਕਸਾਨਦੇਹ ਹਨ।

ਯਾਦ ਰੱਖੋ ਕਿ ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ ਤਾਂ ਤੁਹਾਨੂੰ ਹਮੇਸ਼ਾ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ 111 ’ਤੇ NHS ਨੂੰ ਕਾਲ ਕਰਨੀ ਚਾਹੀਦੀ ਹੈ।

ਹਰ ਸਮੇਂ ਸਰਕਾਰੀ ਸੇਧ ਦੀ ਪਾਲਣਾ ਕਰੋ।

ਜ਼ਿਆਦਾ ਜਾਣਕਾਰੀ ਅਤੇ ਸਲਾਹ ਰੇਸ ਇਕੁਐਲਿਟੀ ਫ਼ਾਊਂਡੇਸ਼ਨ ਦੀ ਵੈਬਸਾਈਟ ’ਤੇ ਹੈ।